*ਇਹ ਕਿਤਾਬਚਾ ਤੁਹਾਨੂੰ ਸਕੂਲ ਕਮਿਊਨਿਟੀ ਕਾਉਂਸਿਲਾਂ ਬਾਰੇ ਜਾਣਕਾਰੀ ਦੇਣ ਲਈ ਤਿਆਰ ਕੀਤਾ ਗਿਆ ਹੈ।*

ਦਰਹਮ ਡਿਸਟ੍ਰਿਕਟ ਸਕੂਲ ਬੋਰਡ ਤੁਹਾਨੂੰ ਆਪਣੀ ਸਕੂਲ ਕਮਿਊਨਿਟੀ ਕਾਉਂਸਿਲ ਦਾ ਮੈਂਬਰ ਬਣਨ ਬਾਰੇ ਵਿਚਾਰ ਕਰਨ ਲਈ ਪ੍ਰੇਰਿਤ ਕਰਦਾ ਹੈ।

ਵਿਦਿਆਰਥੀ ਦੀ ਪੜ੍ਹਾਈ ਵਿੱਚ ਸੁਧਾਰ ਲਿਆਉਣ ਲਈ ਇਕੱਠੇ ਮਿਲਕੇ ਕੰਮ ਕਰਨ ਵਿੱਚ ਤੁਹਾਡੀ ਭਾਗੀਦਾਰੀ ਜ਼ਰੂਰੀ ਹੈ।

## ਪੇਰੇਂਟ ਇਨਵਾਲਵਮੈਂਟ ਕਮੇਟੀ ਕੀ ਹੁੰਦੀ ਹੈ?

ਪੇਰੇਂਟ ਇਨਵਾਲਵਮੈਂਟ ਕਮੇਟੀ (ਮਾਤਾ-ਪਿਤਾ ਸ਼ਮੂਲੀਅਤ ਸਮਿਤੀ), ਇੱਕ ਖੇਤਰੀ ਕਮੇਟੀ ਹੈ ਜੋ SCCs (ਸਕੂਲ ਕਮਿਊਨਿਟੀ ਕਾਉਂਸਿਲਾਂ) ਨੂੰ ਸ੍ਰੋਤ ਅਤੇ ਪੇਸ਼ਾਵਰ ਵਿਕਾਸ ਮੁਹੱਈਆ ਕਰਵਾ ਕੇ ਉਹਨਾਂ ਦੀ ਸਹਾਇਤਾ ਕਰਦੀ ਹੈ। ਕਮੇਟੀ ਵਿੱਚ ਪੂਰੇ ਦਰਹਮ ਡਿਸਟ੍ਰਿਕਟ ਸਕੂਲ ਬੋਰਡ ਦੀਆਂ SCCs ਵਿੱਚੋਂ ਮਾਪਿਆਂ ਦੇ ਪ੍ਰਤੀਨਿਧੀ, ਟ੍ਰਸਟੀ, ਭਾਈਚਾਰੇ ਦੇ ਮੈਂਬਰ, ਸਕੂਲ ਅਤੇ ਬੋਰਡ ਦਾ ਸਟਾਫ਼ ਸ਼ਾਮਲ ਹੁੰਦੇ ਹਨ।

ਆਪਣੀ ਸਕੂਲ ਕਮਿਊਨਿਟੀ ਕਾਉਂਸਿਲ ਦਾ ਮੈਂਬਰ ਬਣਨ ਬਾਰੇ ਸੋਚੋ।

ਵਧੇਰੇ ਜਾਣਕਾਰੀ ਲਈ, ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਟੈਲੀਫ਼ੋਨ ਕਰੋ ਜਾਂ SCCs ਲਈ ਜ਼ੁੰਮੇਵਾਰ ਸੁਪਰਿਨਟੈਂਡੈਂਟ ਆਫ਼ ਐਜੂਕੇਸ਼ਨ (ਸਿੱਖਿਆ ਅਧੀਖਿਅਕ) ਨਾਲ ਸੰਪਰਕ ਕਰੋ।

**(905) 666 - 5500**

ਮਾਤਾ-ਪਿਤਾ ਲਈ ਸ੍ਰੋਤ ਵੈਬਸਾਈਟਾਂ:

**www.durham.edu.on.ca**
(ਪੇਰੇਂਟ ਰਿਸੋਰਸਿਜ਼ (**Parent Resources**) ਅਤੇ ਉਸ ਤੋਂ ਬਾਅਦ ਸਕੂਲ ਕਮਿਊਨਿਟੀ ਕਾਉਂਸਿਲਾਂ (**School Community Councils**) ਚੁਣੋ)

**www.edu.gov.on.ca**
**www.edu.gov.on.ca/abc123**
**www.eqao.com**
**www.ontarioparentcouncil.org**

*ਇਹਨਾਂ ਦਾ ਧੰਨਵਾਦ :*
*ਦਰਹਮ ਡਿਸਟ੍ਰਿਕਟ ਸਕੂਲ ਬੋਰਡ*
*ਪੇਰੇਂਟ ਇਨਵਾਲਵਮੈਂਟ ਕਮੇਟੀ*

# School Community Councils

— *Parents Supporting School Success* —



ਆਪਣੇ ਬੱਚੇ ਦੇ ਸਕੂਲ ਨਾਲ ਜੁੜਣ ਦਾ ਇੱਕ ਬਹੁਤ ਵਧੀਆ ਢੰਗ।

# ਪ੍ਰਸ਼ਨ ਜੋ ਸ਼ਾਇਦ ਸਕੂਲ ਕਮਿਊਨਿਟੀ ਕਾਉਂਸਿਲਾਂ ਬਾਰੇ ਤੁਹਾਡੇ ਮਨ ਵਿੱਚ ਹੋ ਸਕਦੇ ਹਨ

**ਸਕੂਲ ਕਮਿਊਨਿਟੀ ਕਾਉਂਸਿਲ ਕੀ ਹੁੰਦੀ ਹੈ?**

ਸਕੂਲ ਕਮਿਊਨਿਟੀ ਕਾਉਂਸਿਲ (ਜਿਸਨੂੰ ਇੱਕ SCC ਵਜੋਂ ਜਾਣਿਆ ਜਾਂਦਾ ਹੈ) ਦਿਲਚਸਪੀ ਰੱਖਣ ਵਾਲੇ ਮਾਪਿਆਂ, ਸਕੂਲ ਸਟਾਫ਼ ਅਤੇ ਭਾਈਚਾਰੇ ਦੇ ਮੈਂਬਰਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਸਕੂਲ ਦੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਪ੍ਰਿੰਸੀਪਲ ਨਾਲ ਮਿਲਕੇ ਕੰਮ ਕਰਦੇ ਹਨ।

**SCC ਕੀ ਕਰਦੀ ਹੈ?**

SCCs ਸਕੂਲ ਨਾਲ ਜੁੜੇ ਸਾਰੇ ਮਾਮਲਿਆਂ 'ਤੇ ਸਕੂਲ ਦੇ ਪ੍ਰਿੰਸੀਪਲ ਨੂੰ ਸਲਾਹ ਦੇ ਕੇ ਵਿਦਿਆਰਥੀਆਂ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੀਆਂ ਹਨ। SCCs ਸਕੂਲ ਨਾਲ ਜੁੜੇ ਵਿਸ਼ੇਸ਼ ਮਾਮਲਿਆਂ ਦੇ ਸੰਬੰਧ ਵਿੱਚ ਮਾਤਾ-ਪਿਤਾ ਭਾਈਚਾਰੇ ਨੂੰ ਜਾਣਕਾਰੀ ਦਿੰਦੀਆਂ ਹਨ। (ਜਿਵੇਂ ਕਿ ਹੈਲਦੀ ਸਨੈਕਸ ਪ੍ਰੋਗਰਾਮ)

**ਕੀ ਮੇਰੇ ਸਕੂਲ ਵਿੱਚ ਇੱਕ SCC ਹੈ।**

ਹਾਂ, ਓਂਟਾਰੀਓ ਵਿੱਚ ਸਰਕਾਰ ਤੋਂ ਮਿਲਣ ਵਾਲੇ ਫ਼ੰਡ ਨਾਲ ਚਲਾਏ ਜਾਣ ਵਾਲੇ ਹਰੇਕ ਸਕੂਲ ਵਿੱਚ SCC ਹੁੰਦੀ ਹੈ।

**SCC ਦੀ ਬੈਠਕ ਕਦੋਂ-ਕਦੋਂ ਹੁੰਦੀ ਹੈ?**

SCCs ਦੀਆਂ ਬੈਠਕਾਂ ਹਰੇਕ ਸਕੂਲੀ ਵਰ੍ਹੇ ਵਿੱਚ ਘੱਟੋ-ਘੱਟ ਚਾਰ ਵਾਰ ਹੁੰਦੀਆਂ ਹਨ, ਪਰ ਉਹ ਇਸ ਤੋਂ ਵਧੇਰੇ ਵਾਰ ਵੀ ਬੈਠਕ ਕਰ ਸਕਦੀਆਂ ਹਨ।

**ਕੀ ਮੈਂ ਆਪਣੀ SCC ਦੀਆਂ ਬੈਠਕਾਂ ਵਿੱਚ ਜਾ ਸਕਦਾ/ਸਕਦੀ ਹਾਂ?**

ਹਾਂ, ਸਾਰੀਆਂ ਬੈਠਕਾਂ ਜਨਤਾ ਲਈ ਖੁੱਲ੍ਹੀਆਂ ਹੁੰਦੀਆਂ ਹਨ, ਪਰ ਵੋਟ ਪਾਉਣ ਲਈ ਜ਼ਰੂਰੀ ਹੁੰਦਾ ਹੈ ਕਿ ਤੁਸੀਂ SCC ਦੇ ਮੈਂਬਰ ਹੋਵੋ। ਆਪਣੀ SCC ਦੀ ਅਗਲੀ ਬੈਠਕ ਦੀ ਤਾਰੀਖ਼ ਜਾਣਨ ਲਈ ਆਪਣੇ ਪ੍ਰਿੰਸੀਪਲ ਨੂੰ ਫ਼ੋਨ ਕਰੋ।

**ਮੈਂ ਆਪਣੀ SCC ਦਾ ਮੈਂਬਰ ਕਿਵੇਂ ਬਣ ਸਕਦਾ/ਸਕਦੀ ਹਾਂ?**

ਇੱਕ ਨਾਮਜ਼ਦਗੀ ਫ਼ਾਰਮ ਭਰੋ, ਅਤੇ ਇਸਨੂੰ ਸਕੂਲੀ ਵਰ੍ਹੇ ਦੀ ਸ਼ੁਰੂਆਤ 'ਤੇ ਪ੍ਰਿੰਸੀਪਲ ਨੂੰ ਵਾਪਸ ਕਰ ਦਿਓ। ਲੋੜ ਹੋਣ 'ਤੇ ਮਾਤਾ-ਪਿਤਾ ਮੈਂਬਰਾਂ ਲਈ ਚੋਣਾਂ ਸਕੂਲ ਦੇ ਪਹਿਲੇ ਮਹੀਨੇ ਦੌਰਾਨ ਕਰਵਾਈਆਂ ਜਾਣਗੀਆਂ।



**ਜੇਕਰ ਮੈਂ SCC ਦਾ ਮੈਂਬਰ ਬਣ ਜਾਂਦਾ/ਜਾਂਦੀ ਹਾਂ, ਤਾਂ ਮੈਨੂੰ ਕੀ ਕੁਝ ਕਰਨਾ ਪਵੇਗਾ?**

ਤੁਹਾਨੂੰ ਸਾਲ ਦੌਰਾਨ ਹੋਣ ਵਾਲੀਆਂ ਸਾਰੀਆਂ SCC ਬੈਠਕਾਂ ਵਿੱਚ ਹਾਜ਼ਰ ਹੋਣ ਅਤੇ SCC ਦੁਆਰਾ ਚਲਾਈ ਜਾਂਦੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਕਈ SCCs, ਸਕੂਲ ਅਤੇ SCC ਦੀਆਂ ਪਹਿਲਕਦਮੀਆਂ ਵਿੱਚ ਸਹਾਇਤਾ ਕਰਨ ਲਈ ਫ਼ੰਡ ਇਕੱਠੇ ਕਰਦੀਆਂ ਹਨ।

**ਆਪਣੇ ਬੱਚੇ ਦੇ ਸਕੂਲ ਦੀ SCC ਵਿੱਚ ਮੇਰੀ ਸ਼ਮੂਲੀਅਤ ਤੋਂ ਮੈਨੂੰ ਕੀ ਹਾਸਲ ਹੋਵੇਗਾ?**

SCC ਦੇ ਮੈਂਬਰਾਂ ਨੂੰ ਸਕੂਲ ਵਿੱਚ ਵਾਪਰਨ ਵਾਲੀ ਹਰ ਘਟਨਾ ਬਾਰੇ ਜਾਣਕਾਰੀ ਮਿਲਦੀ ਹੈ। ਸਕੂਲ ਦੇ ਮਾਮਲਿਆਂ ਬਾਰੇ ਪ੍ਰਿੰਸੀਪਲ ਨੂੰ ਸਲਾਹ ਦੇਣ ਵਿੱਚ ਵੀ ਮੈਂਬਰਾਂ ਦੇ ਵਿਚਾਰ ਸੁਣੇ ਜਾਂਦੇ ਹਨ। ਪ੍ਰਿੰਸੀਪਲਾਂ ਦੀ SCC ਨਾਲ ਲਗਾਤਾਰ ਗੱਲਬਾਤ ਹੁੰਦੀ ਰਹਿੰਦੀ ਹੈ।

**ਕੀ SCCs ਨਾਲ ਸਕੂਲਾਂ ਵਿੱਚ ਅਸਲ ਵਿੱਚ ਕੋਈ ਫਰਕ ਪੈਂਦਾ ਹੈ।**

SCCs ਨੇ ਪ੍ਰੋਗਰਾਮਾਂ ਦਾ ਪ੍ਰਬੰਧ ਅਤੇ ਸਹਾਇਤਾ ਕੀਤੀ ਹੈ।, ਜਿਵੇਂ ਕਿ:

- ☐ ਪਰਿਵਾਰਕ ਸਾਖਰਤਾ ਅਤੇ ਗਣਿਤ ਰਾਤਾਂ
- ☐ ਘਰ ਵਿੱਚ ਪੜ੍ਹਨ ਸੰਬੰਧੀ ਪ੍ਰੋਗਰਾਮ
- ☐ ਨਾਸ਼ਤਾ ਅਤੇ ਸਿਹਤਮੰਦ ਸਨੈਕ ਪ੍ਰੋਗਰਾਮ
- ☐ ਫ਼ੰਡ ਇਕੱਠਾ ਕਰਨ ਵਾਲੇ ਪ੍ਰੋਜੈਕਟ

SCCs ਪ੍ਰਿੰਸੀਪਲ ਅਤੇ ਬੋਰਡ ਨੂੰ ਹੇਠਾਂ ਲਿਖੇ ਸਮੇਤ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਮਸਲਿਆਂ 'ਤੇ ਸਲਾਹ ਦੇ ਸਕਦੀਆਂ ਹਨ:

- ☐ ਵਿਦਿਆਰਥੀ ਦੀ ਪ੍ਰਾਪਤੀ
- ☐ ਵਿਦਿਆਰਥੀ ਲਈ ਵਿਵਹਾਰ ਦੇ ਨਿਯਮ
- ☐ ਬੋਰਡ ਦੀਆਂ ਨੀਤੀਆਂ ਜੋ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ (ਉਦਾਹਰਨ ਲਈ ਖੇਡ ਦੇ ਮੈਦਾਨ ਦਾ ਸਮਾਨ)
- ☐ ਇਕੱਠੇ ਕੀਤੇ ਫ਼ੰਡ ਦੇ ਮੁਨਾਫ਼ਿਆਂ ਨੂੰ ਖਰਚ ਕਰਨਾ

